**Media Release**

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਸਿਟੀ ਕਾਉਂਸਿਲ ਨੇ ਹੈਰੀਟੇਜ ਹਾਈਟਸ ਪਲਾਨ ਦਾ ਸਮਰਥਨ ਕੀਤਾ

ਬ੍ਰੈਂਪਟਨ, ਓਨਟੈਰੀਓ (7 ਅਗਸਤ, 2020) – ਬੁੱਧਵਾਰ, 5 ਅਗਸਤ ਨੂੰ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਬ੍ਰੈਂਪਟਨ ਦੇ ਆਖ਼ਰੀ ਅਵਿਕਸਿਤ ਖੇਤਰ: ਹੈਰੀਟੇਜ ਹਾਈਟਸ (Heritage Heights) ਲਈ ਪਲਾਨ ਦਾ ਸਮਰਥਨ ਕੀਤਾ।

4,000 ਏਕੜ ਵਿੱਚ ਫੈਲਿਆ ਹੋਇਆ ਅਤੇ ਬ੍ਰੈਂਪਟਨ ਦੇ ਕੁੱਲ ਖੇਤਰ ਵਿੱਚੋਂ 1/16 ਵਿੱਚ ਬਣਿਆ ਹੋਇਆ, ਹੈਰੀਟੇਜ ਹਾਈਟਸ, ਨੌਰਥਵੈਸਟ ਬ੍ਰੈਂਪਟਨ ਵਿੱਚ ਸਥਿਤ ਹੈ। ਇਹ ਮੇਫੀਲਡ ਰੋਡ (Mayfield Road) ਤੋਂ ਕ੍ਰੈਡਿਟ ਰਿਵਰ (Credit River) ਵੈਲੀ ਤੱਕ ਅਤੇ ਵਿੰਸਟਨ ਚਰਚਿਲ ਬੁਲੇਵਾਰਡ (Winston Churchill Boulevard) ਤੋਂ ਮਿਸੀਸਾਗਾ ਰੋਡ (Mississauga Road) ਤੱਕ ਫੈਲਿਆ ਹੋਇਆ ਹੈ। ਇਸਨੂੰ ਕੰਮ ਅਤੇ ਰਿਹਾਇਸ਼ ਸਬੰਧੀ ਵਿਕਲਪਾਂ ਵਾਲੀ ਇੱਕ ਸਮੁੱਚੀ, ਪੂਰੀ-ਸੇਵਾ ਵਾਲੀ, ਮਿਲੀ ਜੁਲੀ ਵਰਤੋਂ ਵਾਲੀ ਥਾਂ – ਨਵੇਂ ਟਾਊਨ ਸੈਂਟਰ (Town Centre) ਲਈ, ਪ੍ਰਸਤਾਵਿਤ ਥਾਂ ਦੇ ਤੌਰ ਤੇ ਬ੍ਰੈਂਪਟਨ 2040 ਵਿਜ਼ਨ (Brampton 2040 Vision) ਵਿੱਚ ਉਜਾਗਰ ਕੀਤਾ ਗਿਆ ਸੀ। ਹੈਰੀਟੇਜ ਹਾਈਟਸ ਲਈ ਪਲਾਨ, ਭਾਈਚਾਰਾ ਬਣਾਉਣ ਲਈ ਸਭ ਤੋਂ ਵਧੀਆ ਪੱਧਤੀਆਂ ਨੂੰ ਦਰਸਾਉਂਦਾ ਹੈ, ਜਿੱਥੇ ਭਵਿੱਖ ਵਿੱਚ ਨਿਵਾਸੀ ਅਤੇ ਇੰਪਲਾਇਰਸ, ਸਿਹਤਮੰਦ ਜੀਵਨਸ਼ੈਲੀ ਅਤੇ ਵਧੀਆ ਕਿਸਮ ਦੀ ਜ਼ਿੰਦਗੀ ਦਾ ਅਨੰਦ ਮਾਣ ਸਕਦੇ ਹਨ। ਇਹ ਵਿਆਪਕ ਭਾਈਚਾਰਕ ਸ਼ਮੂਲੀਅਤ ਤੇ ਅਧਾਰਿਤ ਹੈ। ਇਹ ਰਹਿਣ, ਕੰਮ ਕਰਨ, ਸਿੱਖਣ ਅਤੇ ਖੇਡਣ ਵਾਸਤੇ, ਇੱਕ ਸਥਿਰ, ਜਿਓਣਯੋਗ, ਜੋਸ਼ੀਲੀ ਅਤੇ ਸਿਹਤਮੰਦ ਥਾਂ ਲਈ ਫ੍ਰੇਮਵਰਕ ਤੈਅ ਕਰਦਾ ਹੈ।

ਸਮਰਥਿਤ, ਹੈਰੀਟੇਜ ਹਾਈਟਸ ਪਲਾਨ ਹੇਠ, ਬ੍ਰੈਂਪਟਨ ਲਈ ਮਹੱਤਵਪੂਰਣ ਰਿਹਾਇਸ਼ ਅਤੇ ਨੌਕਰੀਆਂ ਵਿੱਚ ਵਾਧੇ ਦੇ ਮੌਕੇ ਹਨ। ਪਲਾਨ, ਹਾਇਰ ਆਰਡਰ ਟ੍ਰਾਂਜ਼ਿਟ ਤੱਕ ਸੁਵਿਧਾਜਨਕ ਪਹੁੰਚ ਦੇ ਨਾਲ, ਕਈ ਤਰ੍ਹਾਂ ਦੇ ਰਿਹਾਇਸ਼ ਸਬੰਧੀ ਵਿਕਲਪ ਪੇਸ਼ ਕਰਦਾ ਹੈ, ਜਿਹਨਾਂ ਵਿੱਚ ਸ਼ਾਮਲ ਹਨ, ਪ੍ਰਸਤਾਵਿਤ ਗੋ (GO) ਸਟੇਸ਼ਨ ਅਤੇ ਟ੍ਰੇਲਸ ਅਤੇ ਖੁੱਲੀਆਂ ਥਾਵਾਂ (ਓਪਨ ਸਪੇਸਿਜ) ਦਾ ਜੁੜਿਆ ਹੋਇਆ ਨੈੱਟਵਰਕ। ਪਲਾਨ ਦਾ ਮੁੱਖ ਭਾਗ, ਸਿਰਫ਼ ਟਰੱਕਾਂ ਵਾਸਤੇ ਸਮਰਪਿਤ ਇੱਕ ਲੇਨ ਸਮੇਤ, ਇੱਕ ਉੱਤਰੀ/ਦੱਖਣੀ ਸ਼ਹਿਰੀ ਮੋਟਰਵੇ ਹੈ, ਜੋ ਪ੍ਰਸਤਾਵਿਤ ਜੀ.ਟੀ.ਏ. ਵੈਸਟ ਟ੍ਰਾਂਸਪੋਰਟੇਸ਼ਨ ਕੋਰੀਡੋਰ (GTA West Transportation Corridor) ਤੋਂ ਲੈ ਕੇ ਹੈਰੀਟੇਜ ਹਾਈਟਸ ਤੱਕ ਦਾ ਇੱਕ ਵਿਕਲਪ ਹੈ। ਇਹ ਮੁੱਖ ਬੁਲੇਵਾਰਡ, ਭਾਈਚਾਰੇ ਲਈ ਮਿਲੀ ਜੁਲੀ ਵਰਤੋਂ ਵਾਲਾ ਸ਼ਹਿਰੀ ਕੇਂਦਰ ਬਣਾਵੇਗਾ, ਜਿੱਥੇ ਨਿਵਾਸੀ ਅਤੇ ਆਉਣ ਵਾਲੇ (ਵਿਜੀਟਰ) ਖਰੀਦਦਾਰੀ ਕਰ ਸਕਣਗੇ, ਲੋਕਲ ਰੈਸਟੋਰੈਂਟਾਂ ਦਾ ਅਨੰਦ ਮਾਣ ਸਕਣਗੇ, ਕਾਰੋਬਾਰ ਸ਼ੁਰੂ ਕਰ ਸਕਣਗੇ ਅਤੇ ਸਿਹਤਮੰਦ, ਕਿਰਿਆਸ਼ੀਲ ਅਤੇ ਜੋਸ਼ੀਲੀ ਜੀਵਨਸ਼ੈਲੀ ਦਾ ਹਿੱਸਾ ਬਣ ਸਕਣਗੇ। ਪ੍ਰਸਤਾਵਿਤ ਵੈਲਨੈਸ ਡਿਸਟ੍ਰਿਕਟ (Wellness District), ਜਿਸ ਵਿੱਚ ਭਵਿੱਖ ਦੇ ਸੰਭਾਵੀ ਹਸਪਤਾਲ ਅਤੇ ਵਾਧੂ ਮੈਡੀਕਲ ਸਹਿਯੋਗ ਸੇਵਾਵਾਂ ਲਈ ਜ਼ਮੀਨ ਸ਼ਾਮਲ ਹੈ, ਮੁੱਖ ਸ਼ਹਿਰੀ ਮੋਟਰਵੇ ਦੇ ਨਾਲ ਸਥਿਤ ਹੈ। ਪਲਾਨ ਦੇ ਨਤੀਜੇ ਵਜੋਂ, ਸਭ ਤੋਂ ਵੱਧ ਵਾਤਾਵਰਣ ਅਨੁਕੂਲਿਤ ਤਰੀਕੇ ਨਾਲ ਬਣਾਇਆ ਜਾਣ ਵਾਲਾ, ਇੱਕ ਪੂਰੀ ਤਰ੍ਹਾਂ ਜੁੜਿਆ ਹੋਇਆ, ਆਧੁਨਿਕ ਭਾਈਚਾਰਾ ਵਿਕਸਿਤ ਹੋਵੇਗਾ।

ਇਹ ਯਕੀਨੀ ਬਣਾਉਣ ਲਈ ਕਿ ਹੈਰੀਟੇਜ ਹਾਈਟਸ, ਬ੍ਰੈਂਪਟਨ ਦੇ ਨਿਵਾਸੀਆਂ ਦੇ ਵਿਚਾਰਾਂ ਨੂੰ ਦਰਸਾਉਂਦਾ ਹੈ, ਸਿਟੀ ਸਬੰਧਿਤ ਸਟੇਕਹੋਲਡਰਾਂ ਦੇ ਨਾਲ, ਆਪਣੀ ਵਿਆਪਕ ਜਨਤਕ ਸ਼ਮੂਲੀਅਤ ਪ੍ਰਕਿਰਿਆ ਜਾਰੀ ਰੱਖੇਗੀ। ਸਿਟੀ, ਲੋੜੀਂਦੇ ਤਕਨੀਕੀ ਅਧਿਐਨ ਵੀ ਕਰੇਗੀ। ਨਾਲ ਹੀ, ਇਹ ਸੰਸ਼ੋਧਿਤ ਸੈਕੰਡਰੀ ਪਲਾਨ ਬਣਾਉਣ ਦੇ ਟੀਚੇ ਨਾਲ, ਸਰਕਾਰ ਦੇ ਹੋਰ ਅਮਲਿਆਂ ਦੇ ਨਾਲ ਇਕੱਠੇ ਮਿਲ ਕੇ ਕੰਮ ਕਰੇਗੀ। ਇਹ 2020 ਦੇ ਅੰਤ ਤੱਕ ਪੂਰਾ ਹੋਣ ਵਾਲਾ, ਪ੍ਰਕਿਰਿਆ ਦਾ ਅਗਲਾ ਚਰਨ ਹੈ।

ਹੈਰੀਟੇਜ ਹਾਈਟਸ ਬਾਰੇ ਅਤੇ ਇਸ ਖੇਤਰ ਵਾਸਤੇ ਸਿਟੀ ਦੇ ਪਲਾਨਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, www.brampton.ca/nwbrampton ਤੇ ਜਾਓ।

**ਹਵਾਲੇ**

“ਸੰਪੂਰਨ, ਸਥਿਰ ਅਤੇ ਜੁੜੇ ਹੋਏ ਭਾਈਚਾਰੇ ਬਣਾਉਣਾ, ਸਿਟੀ ਕਾਉਂਸਿਲ ਦੀ ਤਰਜੀਹ ਹੈ, ਜਿਹਨਾਂ ਨਾਲ ਨਿਵਾਸੀ ਵਧੀਆ ਕਿਸਮ ਦੀ ਜ਼ਿੰਦਗੀ ਕਾਇਮ ਕਰ ਸਕਣ। ਇਹ ਸਾਡੇ ਬ੍ਰੈਂਪਟਨ 2040 ਵਿਜ਼ਨ ਨੂੰ ਪੂਰਾ ਕਰਨ ਵਿੱਚ, ਸਾਡੀ ਮਦਦ ਲਈ ਵੀ ਜ਼ਰੂਰੀ ਹੈ। ਬ੍ਰੈਂਪਟਨ ਦੇ ਆਖ਼ਰੀ ਅਵਿਕਸਿਤ ਖੇਤਰ ਵਜੋਂ, ਹੈਰੀਟੇਜ ਹਾਈਟਸ, ਇਸਨੂੰ ਬਿਲਕੁੱਲ ਸ਼ੁਰੂ ਤੋਂ ਬਣਾਉਣ ਦਾ ਇਹ ਰੋਮਾਂਚਕ ਮੌਕਾ ਹੈ। ਮੈਨੂੰ ਪੂਰਾ ਯਕੀਨ ਹੈ ਕਿ ਇਹ ਪਲਾਨ, ਨੌਰਥਵੈਸਟ ਬ੍ਰੈਂਪਟਨ ਵਿੱਚ, ਨੌਕਰੀਆਂ, ਕਿਫਾਇਤੀ ਘਰ ਲਿਆਉਂਦੇ ਹੋਏ ਅਤੇ ਰਹਿਣ, ਕੰਮ ਕਰਨ, ਸਿੱਖਣ ਅਤੇ ਖੇਡਣ ਦਾ ਮੌਕਾ ਪੈਦਾ ਕਰਦੇ ਹੋਏ, ਉਹ ਸਭ ਕੁਝ ਕਰੇਗਾ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਸਿਟੀ ਨੇ ਪੂਰੇ ਬ੍ਰੈਂਪਟਨ ਦੇ, ਹਰ ਅਨੁਭਵ ਅਤੇ ਪਿਛੋਕੜ ਦੇ ਨਿਵਾਸੀਆਂ ਦੇ ਬਹੁਮੁੱਲੇ ਸੁਝਾਅ ਮੰਗੇ ਸਨ ਅਤੇ ਇਸ ਜ਼ਰੂਰੀ ਸਹਿਯੋਗ ਨੂੰ, ਹੈਰੀਟੇਜ ਹਾਈਟਸ ਪਲਾਨ ਵਿੱਚ ਨਿਸ਼ਚਿਤ ਤੌਰ ਤੇ ਦਰਸਾਇਆ ਗਿਆ ਹੈ। ਸਮੁੱਚੇ ਪਲਾਨ ਦੇ ਹਿੱਸੇ ਵਜੋਂ 2040 ਵਿਜ਼ਨ, ਸਾਰੇ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ, ਯੋਜਨਾ ਬਣਾਉਣ ਦੇ ਸਾਡੇ ਤਰੀਕੇ ਵਿੱਚ ਅਸਲੀ ਤਬਦੀਲੀ ਲਿਆ ਰਿਹਾ ਹੈ। ਹੈਰੀਟੇਜ ਹਾਈਟਸ ਪਲਾਨ, ਇਹਨਾਂ ਟੀਚਿਆਂ ਨੂੰ ਪੂਰਾ ਕਰਨ ਦਾ ਮਹੱਤਵਪੂਰਣ ਹਿੱਸਾ ਹੈ। ਮੈਨੂੰ ਇਸਦਾ ਸਮਰਥਨ ਕਰਨ ਤੇ ਮਾਣ ਹੈ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ ਕਮੇਟੀ, ਸਿਟੀ ਆਫ ਬ੍ਰੈਂਪਟਨ*

“ਹੈਰੀਟੇਜ ਹਾਈਟਸ, ਅਗਾਂਹ ਵਧੂ ਸੋਚ ਵਾਲੇ, ਚਿੰਤਨਸ਼ੀਲ ਅਤੇ ਖੂਬਸੂਰਤ ਭਾਈਚਾਰੇ ਦਾ ਵਿਕਾਸ ਕਰਨ ਦਾ ਅਜਿਹਾ ਬੇਜੋੜ ਮੌਕਾ ਹੈ, ਜਿਸ ਤੇ ਬ੍ਰੈਂਪਟਨ ਵਾਸੀ ਮਾਣ ਕਰ ਸਕਣ। ਜਨਤਾ ਅਤੇ ਉਹੋ ਜਿਹੇ ਜੋਸ਼ੀਲੇ ਸਟੇਕਹੋਲਡਰਾਂ ਨੂੰ ਸ਼ਾਮਲ ਕਰਨਾ ਜਾਰੀ ਰੱਖਦੇ ਹੋਏ, ਅਸੀਂ ਉਹਨਾਂ ਦੇ ਜੋਸ਼ ਅਤੇ ਸ਼ਾਨਦਾਰ ਯੋਗਦਾਨਾਂ ਲਈ, ਉਹਨਾਂ ਦੇ ਧੰਨਵਾਦੀ ਹਾਂ। ਬ੍ਰੈਂਪਟਨ ਦੇ ਲੋਕ, ਸਭ ਤੋਂ ਵਧੀਆ ਸੇਵਾਵਾਂ ਪ੍ਰਾਪਤ ਕਰਨ ਦੇ ਹੱਕਦਾਰ ਹਨ। ਇਹ ਪਲਾਨ, ਕਈ ਤਰੀਕਿਆਂ ਨਾਲ ਨਿਵਾਸੀਆਂ ਨੂੰ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ।”

- *ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ ਕਮੇਟੀ, ਸਿਟੀ ਆਫ ਬ੍ਰੈਂਪਟਨ*

“ਪਿਛਲੇ ਪੰਜ ਸਾਲਾਂ ਤੋਂ, ਅਸੀਂ ਹੈਰੀਟੇਜ ਹਾਈਟਸ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਲਈ, ਬ੍ਰੈਂਪਟਨ ਦੇ ਸਟੇਕਹੋਲਡਰਾਂ, ਜ਼ਮੀਨ ਦੇ ਮਾਲਕਾਂ ਅਤੇ ਨਿਵਾਸੀਆਂ ਦੇ ਸਹਿਯੋਗ ਨਾਲ ਕੰਮ ਕੀਤਾ ਹੈ। ਪਲਾਨ ਉਸ ਵਿਜ਼ਨ ਨੂੰ ਸ਼ਾਮਲ ਕਰਦਾ ਹੈ, ਜੋ ਜ਼ਮੀਨਾਂ ਨੂੰ ਸੰਪੂਰਨ ਸੰਸਥਾ ਵਜੋਂ ਵਿਕਸਿਤ ਕਰੇ ਅਤੇ ਭਵਿੱਖ ਵਿੱਚ, ਸਥਿਰ, ਜੋਸ਼ੀਲੇ ਅਤੇ ਕਿਫਾਇਤੀ ਵਿਕਾਸ ਦੀ ਯੋਜਨਾ ਬਣਾਉਣ ਲਈ ਦਿਸ਼ਾ ਨੂੰ ਉਜਾਗਰ ਕਰੇ। ਸਾਨੂੰ ਇਸ ਪਲਾਨ ਦਾ ਸਮਰਥਨ ਕਰਨ ਤੇ ਮਾਣ ਹੈ। ਅਸੀਂ ਨੌਰਥਵੈਸਟ ਬ੍ਰੈਂਪਟਨ ਵਿੱਚ ਇੱਕ ਜਿਓਣਯੋਗ ਅਤੇ ਜੁੜਿਆ ਹੋਇਆ ਭਾਈਚਾਰਾ ਪ੍ਰਦਾਨ ਕਰਨ ਵਿੱਚ ਅੱਗੇ ਵਧਣ ਵਾਸਤੇ, ਸਾਰੀਆਂ ਧਿਰਾਂ ਦੇ ਨਾਲ ਜੁੜਨਾ ਜਾਰੀ ਰੱਖਾਂਗੇ।”

- *ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਉਂਸਲਰ, ਵਾਰਡਸ 2 ਅਤੇ 6, ਅਤੇ ਡਗ ਵ੍ਹਿਲੈਂਸ (Doug Whillans), ਸਿਟੀ ਕਾਉਂਸਲਰ, ਵਾਰਡਸ 2 ਅਤੇ 6, ਸਿਟੀ ਆਫ ਬ੍ਰੈਂਪਟਨ*

“ਇਹ ਸਾਨੂੰ ਸਿਟੀ ਵਿਖੇ, ਯੋਜਨਾਬੰਦੀ ਕਰਨ ਅਤੇ ਬ੍ਰੈਂਪਟਨ ਦੇ ਨਿਵਾਸੀਆਂ ਦੀਆਂ ਲੋੜਾਂ ਅਤੇ ਵਿਚਾਰਾਂ ਨੂੰ ਦਰਸਾਉਣ ਵਾਲਾ ਭਾਈਚਾਰਾ ਬਣਾਉਣ ਲਈ ਪ੍ਰੇਰਿਤ ਕਰਦਾ ਹੈ। ਹੈਰੀਟੇਜ ਹਾਈਟਸ ਪਲਾਨ, ਸਾਨੂੰ ਖੇਤਰ ਲਈ ਉਹ ਸਭ ਕਰਨ ਦੇ ਯੋਗ ਬਣਨ ਵਿੱਚ, ਇੱਕ ਕਦਮ ਹੋਰ ਅੱਗੇ ਲੈ ਕੇ ਜਾਂਦਾ ਹੈ। ਸਟਾਫ਼, ਪੂਰੀ ਤਰ੍ਹਾਂ ਜਿਓਣਯੋਗ, ਜੁੜਿਆ ਹੋਇਆ ਅਤੇ ਸੰਪੂਰਨ ਭਾਈਚਾਰਾ ਬਣਾਉਣ ਦੇ ਟੀਚੇ ਨਾਲ, ਹੈਰੀਟੇਜ ਹਾਈਟਸ ਸੈਕੰਡਰੀ ਪਲਾਨ ਸੰਸ਼ੋਧਿਤ ਕਰਨ ਵਿੱਚ, ਨਿਵਾਸੀਆਂ, ਜ਼ਮੀਨ ਦੇ ਮਾਲਕਾਂ ਅਤੇ ਹੋਰ ਸਬੰਧਿਤ ਸਟੇਕਹੋਲਡਰਾਂ ਦੇ ਨਾਲ ਜੁੜਨਾ ਜਾਰੀ ਰੱਖਣ ਲਈ ਉਤਸ਼ਾਹਿਤ ਹੈ।”

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca